## ਸ਼੍ਰੇਣੀ -ਛੇਵੀਂ
## ਪੰਜਾਬੀ (ਪਹਿਲੀ ਭਾਸ਼ਾ)

**ਉਦੇਸ਼**

1. **ਪੜ੍ਹਾਈ**
   - (i) ਵਿਦਿਆਰਥੀ ਆਪਣੇ ਮਾਨਸਿਕ ਪੱਧਰ ਦੀ ਪੜ੍ਹਨ-ਸਮਗਰੀ ਉੱਚੀ ਬੋਲ ਕੇ ਅਤੇ ਚੁੱਪ-ਚਾਪ ਮੂੰਹ ਵਿੱਚ ਹੀ ਗਤੀ ਨਾਲ਼ ਪੜ੍ਹ ਸਕੇ।
   - (ii) ਉਹ ਪੜ੍ਹਨ ਸਮੇਂ ਇਬਾਰਤ ਵਿੱਚ ਲੱਗੇ ਵਿਸਰਾਮ-ਚਿੰਨ੍ਹਾਂ ਅਨੁਸਾਰ ਲੇਖਕ ਦੇ ਹਾਵਾਂ-ਭਾਵਾਂ ਨੂੰ ਸਮਝ ਸਕੇ।
   - (iii) ਉਹ ਛਪੀ ਸਮਗਰੀ ਤੋਂ ਇਲਾਵਾ ਆਪਣੀ ਅਤੇ ਉਸੇ ਤਰ੍ਹਾਂ ਦੂਜਿਆਂ ਦੀ ਹੱਥ-ਲਿਖਤ ਗਤੀ ਨਾਲ਼ ਪੜ੍ਹ ਸਕੇ।
   - (iv) ਉਹ ਲੋੜ ਪੈਣ 'ਤੇ ਕਿਸੇ ਲਿਖਤ ਅਰਥਾਤ ਕਹਾਣੀ, ਵਾਰਤਾ, ਸੂਚਨਾ, ਇਸ਼ਤਿਹਾਰ ਅਤੇ ਅਖ਼ਬਾਰ ਦੀ ਖ਼ਬਰ ਨੂੰ ਠਰ੍ਹੰਮੇ ਤੇ ਵਹਾਅ ਨਾਲ਼ ਪੜ੍ਹ ਕੇ ਸੁਣਾ ਸਕੇ।
2. **ਗ੍ਰਹਿਣ ਕਰਨਾ**
   - **(ੳ) ਸੁਣ ਕੇ ਗ੍ਰਹਿਣ ਕਰਨਾ**
     - (i) ਵਿਦਿਆਰਥੀ ਦੂਜਿਆਂ ਦੇ ਵਿਚਾਰਾਂ ਨੂੰ ਇਕਾਗਰਤਾ ਨਾਲ਼ ਸੁਣ ਅਤੇ ਸਮਝ ਸਕੇ।
     - (ii) ਉਹ ਬੋਲਣ ਵਾਲ਼ੇ ਦੇ ਸ਼ਬਦਾਂ ਵਿੱਚ ਲੁਕੇ ਵਿਅੰਗ, ਚੋਭ ਤੇ ਇਸ਼ਾਰੇ ਨੂੰ ਸਮਝ ਸਕੇ।
     - (iii) ਉਹ ਬੋਲਣ ਵਾਲ਼ੇ ਦੇ ਸ਼ੁੱਧ ਉਚਾਰਨ ਤੇ ਪ੍ਰਭਾਵਸ਼ਾਲੀ ਲਹਿਜੇ ਨੂੰ ਸਲਾਹ ਸਕੇ।
     - (iv) ਉਹ ਕਵਿਤਾ ਅਤੇ ਗੀਤਾਂ ਦੇ ਗਾਇਨ ਨੂੰ ਸੁਣ ਕੇ ਸਲਾਹ ਸਕੇ।
   - **(ਅ) ਪੜ੍ਹ ਕੇ ਗ੍ਰਹਿਣ ਕਰਨਾ**
     - (i) ਵਿਦਿਆਰਥੀ ਪਾਠ-ਪੁਸਤਕ ਵਿੱਚੋਂ ਕਿਸੇ ਪਾਠ ਨੂੰ ਪੜ੍ਹ ਕੇ ਉਸ ਦਾ ਸਾਰ ਦੱਸ ਸਕੇ।
     - (ii) ਉਹ ਪੜ੍ਹੀ ਹੋਈ ਸਮਗਰੀ ਬਾਰੇ ਪੁੱਛੇ ਗਏ ਸਵਾਲਾਂ ਦੇ ਉੱਤਰ ਦੇ ਸਕੇ।

**ਨੋਟ:- ਇਸ ਪੱਧਰ ਉੱਤੇ ਵਿਦਿਆਰਥੀ ਗਿਆਨ, ਜਾਣਕਾਰੀ ਅਤੇ ਅਨੰਦ ਪ੍ਰਾਪਤ ਕਰਨ ਲਈ ਪੜ੍ਹੇਗਾ। ਹਰ ਸ਼੍ਰੇਣੀ ਵਿੱਚ ਉਹ ਨਿਯਤ ਪਾਠ-ਪੁਸਤਕ ਪੜ੍ਹੇਗਾ। ਇਸ ਤੋਂ ਇਲਾਵਾ ਇਹ ਆਸ ਕੀਤੀ ਜਾਂਦੀ ਹੈ ਕਿ ਉਹ ਬਾਲ-ਪੁਸਤਕਾਂ, ਬਾਲ ਰਿਸਾਲੇ ਤੇ ਅਖ਼ਬਾਰ ਵੀ ਪੜ੍ਹੇਗਾ।**

3. **ਪ੍ਰਗਟਾਅ**
   - **(ੳ) ਮੌਖਿਕ ਪ੍ਰਗਟਾਅ**

     -- ਵਿਦਿਆਰਥੀ ਆਪਣੇ ਵਿਚਾਰਾਂ ਨੂੰ ਸ਼ੁੱਧ ਸਪਸ਼ਟ, ਸਰਲ ਅਤੇ ਰਵਾਨੀ ਵਾਲ਼ੀ ਬੋਲੀ ਵਿੱਚ ਆਤਮ- ਵਿਸ਼ਵਾਸ ਨਾਲ਼ ਪ੍ਰਗਟ ਕਰਨ ਦੇ ਸਮਰੱਥ ਹੋ ਸਕੇ। (ਇਹ ਵਿਚਾਰ ਉਸ ਦੀ ਪੜ੍ਹੀ ਸਮਗਰੀ ਨਾਲ਼ ਸੰਬੰਧਿਤ ਜਾਂ ਉਸ ਦੇ ਅਨੁਭਵ ਅਤੇ ਹੋਰ ਖੇਤਰਾਂ ਦੇ ਵੱਖ-ਵੱਖ ਪਹਿਲੂਆਂ ਬਾਰੇ ਹੋ ਸਕਦੇ ਹਨ।)
   - **(ਅ) ਲਿਖਤੀ ਪ੍ਰਗਟਾਅ**
     - (i) ਵਿਦਿਆਰਥੀ ਸਾਫ਼, ਸ਼ੁੱਧ ਅਤੇ ਗਤੀ ਨਾਲ਼ ਲਿਖ ਸਕੇ।
     - (ii) ਉਹ ਆਪਣੇ ਵਿਚਾਰਾਂ ਨੂੰ ਢੁਕਵੀਂ ਸ਼ਬਦਾਵਲੀ ਦੀ ਵਰਤੋਂ ਕਰ ਕੇ ਸਰਲ ਵਾਕਾਂ ਅਤੇ ਠੀਕ ਪੈਰਿਆਂ ਵਿੱਚ ਲਿਖ ਸਕੇ।
     - (iii) ਉਹ ਆਪਣੇ ਵਿਚਾਰਾਂ ਨੂੰ ਘਟਨਾ-ਕ੍ਰਮ ਅਤੇ ਤੱਥ -ਕ੍ਰਮ ਅਨੁਸਾਰ ਲਿਖ ਸਕੇ।
     - (iv) ਉਹ ਪਾਠ-ਪੁਸਤਕ ਵਿੱਚੋਂ ਪੜ੍ਹੀ ਹੋਈ ਸਮਗਰੀ ਬਾਰੇ ਪੁੱਛੇ ਸਵਾਲਾਂ ਦੇ ਉੱਤਰ ਲਿਖ ਸਕੇ।
     - (v) ਉਹ ਆਪਣੇ ਅਨੁਭਵ ਦੇ ਆਧਾਰ 'ਤੇ ਕੁਝ ਰਚਨਾਤਮਿਕ ਰਚਨਾ ਵੀ ਕਰ ਸਕੇ ਅਰਥਾਤ ਉਹ ਆਪਣੇ ਪੱਧਰ ਅਨੁਸਾਰ ਕਵਿਤਾ, ਗੀਤ, ਲੇਖ ਜਾਂ ਕਹਾਣੀ - ਰਚਨਾ ਦਾ ਯਤਨ ਕਰੇ।

**ਨੋਟ:- ਮਿਡਲ ਸ਼੍ਰੇਣੀਆਂ ਵਿੱਚ ਲਿਖਣ-ਸਮਗਰੀ ਜਿਸ ਦੇ ਵਿਸ਼ਾ-ਵਸਤੂ ਦਾ ਵੇਰਵਾ ਅੱਗੇ ਦਿੱਤਾ ਗਿਆ ਹੈ, ਦੇ ਰੂਪ ਹੇਠ ਲਿਖੇ ਅਨੁਸਾਰ ਹੋਣਗੇ:** ਲੇਖ, ਕਹਾਣੀ, ਚਿੱਠੀ/ਬਿਨੈ-ਪੱਤਰ, ਸਫ਼ਰ, ਘਟਨਾ/ਦ੍ਰਿਸ਼-ਵਰਨਣ, ਪ੍ਰਸ਼ਨਾਂ ਦੇ ਉੱਤਰ, ਰੋਜ਼ਾਨਾ ਡਾਇਰੀ, ਕਵਿਤਾ ਆਦਿ।

1. **ਵਿਦਿਆਰਥੀ ਨੂੰ ਉਸ ਦੇ ਜਾਣੇ-ਪਛਾਣੇ ਵਿਸ਼ਿਆਂ ਉੱਤੇ ਲਿਖਣ ਦਾ ਅਭਿਆਸ ਕਰਵਾਇਆ ਜਾਵੇਗਾ। ਕੁਝ ਖੇਤਰ ਇਸ ਤਰ੍ਹਾਂ ਹਨ:-**
   - (1) ਮੇਰਾ ਪਿੰਡ/ਮੇਰਾ ਸਕੂਲ, ਸਥਾਨ/ਸੰਸਥਾ
   - (2) ਘਟਨਾਵਾਂ, ਦ੍ਰਿਸ਼, ਇਮਾਰਤਾਂ
   - (3) ਆਪਣੇ ਆਲ਼ੇ-ਦੁਆਲ਼ੇ ਵਿੱਚੋਂ ਕਿਸੇ ਕਾਮੇ ਦੇ ਜੀਵਨ ਦਾ ਇੱਕ ਦਿਨ
   - (4) ਕੌਮੀ ਪੱਧਰ ਦੇ ਤਿਉਹਾਰ, ਸਥਾਨ, ਮੇਲੇ/ਰੁੱਤਾਂ
   - (5) ਖੇਡਾਂ
   - (6) ਮਹਾਂ-ਪੁਰਖਾਂ ਦੀਆਂ ਜੀਵਨੀਆਂ

   ਇਸ ਸ਼੍ਰੇਣੀ ਵਿੱਚ ਲਗ-ਪਗ 15 ਨਿਬੰਧ ਲਿਖਣ ਦਾ ਅਭਿਆਸ ਕਰਵਾਇਆ ਜਾਵੇਗਾ।
2. **ਚਿੱਠੀਆਂ/ਬਿਨੈ-ਪੱਤਰ**

   ਆਪਣੇ ਮਿੱਤਰ, ਰਿਸ਼ਤੇਦਾਰ ਜਾਂ ਘਰ ਦੇ ਕਿਸੇ ਮੈਂਬਰ ਨੂੰ ਕਿਸੇ ਸਮੱਸਿਆ ਬਾਰੇ ਦੱਸਣ ਜਾਂ ਸੂਚਨਾ ਦੇਣ ਲਈ ਚਿੱਠੀ ਲਿਖਣ ਦਾ ਅਭਿਆਸ ਕਰਵਾਇਆ ਜਾਵੇਗਾ।

   ਵਿਦਿਆਰਥੀ ਨੂੰ ਵੱਖ-ਵੱਖ ਵਿਸ਼ਿਆਂ ਉੱਤੇ ਬਿਨੈ-ਪੱਤਰ ਲਿਖਣ ਦਾ ਅਭਿਆਸ ਕਰਵਾਉਣਾ, ਜਿਵੇਂ ਛੁੱਟੀ ਲੈਣ ਲਈ, ਮੈਚ ਖੇਡਣ ਦੀ ਆਗਿਆ ਲੈਣ ਲਈ ਆਦਿ। ਇਸ ਸ਼੍ਰੇਣੀ ਵਿੱਚ ਚਿੱਠੀਆਂ ਅਤੇ ਬਿਨੈ-ਪੱਤਰਾਂ ਦੀ ਗਿਣਤੀ ਲਗ-ਪਗ 10 ਹੋਣੀ ਚਾਹੀਦੀ ਹੈ।
3. **ਕਹਾਣੀਆਂ**

   ਪੰਜਾਬ/ਭਾਰਤ ਦੀਆਂ ਪ੍ਰਚਲਿਤ ਕਹਾਣੀਆਂ ਦੱਸ ਕੇ ਵਿਦਿਆਰਥੀਆਂ ਨੂੰ ਆਪ ਲਿਖਣ ਦਾ ਅਭਿਆਸ ਕਰਵਾਉਣਾ। ਅਜਿਹੀਆਂ ਪੰਜ ਕਹਾਣੀਆਂ ਲਿਖਣ ਜਾਂ ਅਧੂਰੀਆਂ ਨੂੰ ਪੂਰੀਆਂ ਕਰਨ ਦਾ ਅਭਿਆਸ ਕਰਵਾਇਆ ਜਾਵੇਗਾ।
4. ਪਾਠਾਂ ਬਾਰੇ ਪੁੱਛੇ ਭਿੰਨ-ਭਿੰਨ ਪ੍ਰਸ਼ਨਾਂ ਦੇ ਉੱਤਰ ਲਿਖਣਾ ਅਤੇ ਪਾਠਾਂ ਪਿੱਛੇ ਦਿੱਤੇ ਅਭਿਆਸਾਂ ਨੂੰ ਹੱਲ ਕਰਨਾ।
5. ਕਿਸੇ ਖ਼ਬਰ, ਸੂਚਨਾ ਆਦਿ ਨੂੰ ਡਾਇਰੀ ਵਿੱਚ ਨੋਟ ਕਰਨਾ।
6. ਇਸ ਸ਼੍ਰੇਣੀ ਵਿੱਚ ਵਿਆਕਰਨ ਦਾ ਪੱਧਰ ਹੇਠ ਲਿਖਿਆ ਹੋਵੇਗਾ:
   - (ੳ) ਵਿਸਰਾਮ ਚਿੰਨ੍ਹ-ਇਹਨਾਂ ਦੀ ਜਾਣਕਾਰੀ ਤੇ ਵਰਤੋਂ।
   - (ਅ) ਨਾਂਵ, ਪੜਨਾਂਵ, ਕਿਰਿਆ, ਵਿਸ਼ੇਸ਼ਣ-ਪਾਠਾਂ ਵਿੱਚੋਂ ਇਹਨਾਂ ਨੂੰ ਪਛਾਣਨਾ ਤੇ ਵਾਕਾਂ ਵਿੱਚ ਵਰਤਣਾ।
   - (ੲ) ਮੁਹਾਵਰੇ ਅਤੇ ਅਖਾਉਤਾਂ ਪਾਠਾਂ ਵਿੱਚੋਂ ਇਹਨਾਂ ਨੂੰ ਪਛਾਣਨਾ ਤੇ ਵਾਕਾਂ ਵਿੱਚ ਵਰਤਣਾ।
   - (ਸ) ਕਾਲ (ਟੈਨਸ) ਦੀ ਜਾਣਕਾਰੀ ਤੇ ਵਰਤੋਂ।

**ਨਿਰਧਾਰਿਤ ਪਾਠ-ਪੁਸਤਕਾਂ :**

1) **ਪੰਜਾਬੀ ਪੁਸਤਕ-6 (ਪਹਿਲੀ ਭਾਸ਼ਾ)**
2) **ਪੰਜਾਬੀ ਵਿਆਕਰਨ ਤੇ ਲੇਖ - ਰਚਨਾ (ਮਿਡਲ ਸ਼੍ਰੇਣੀਆਂ ਲਈ)**
   **(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**

## ਸ਼੍ਰੇਣੀ-ਸੱਤਵੀਂ
## ਪੰਜਾਬੀ (ਪਹਿਲੀ ਭਾਸ਼ਾ)

**ਲਿਖਣ-ਸਮਗਰੀ**

1. ਨਿਬੰਧ ਲਿਖਣ ਲਈ ਵਿਸ਼ੇ ਇਸ ਪ੍ਰਕਾਰ ਹੋ ਸਕਦੇ ਹਨ:
   - (i) ਪਰਿਵਾਰਿਕ ਆਲ਼ਾ-ਦੁਆਲ਼ਾ
   - (ii) ਸਕੂਲ-ਜੀਵਨ
   - (iii) ਖੇਡਾਂ, ਮੈਚ
   - (iv) ਕਿਸੇ ਮਹੱਤਵਪੂਰਨ ਰਸਮ ਦਾ ਵਰਨਣ, ਜਿਵੇਂ:-ਵੇਖੇ ਵਿਆਹ ਦਾ ਦ੍ਰਿਸ਼
   - (v) ਮਹਾਂਪੁਰਖਾਂ ਦੇ ਜੀਵਨ

**ਨੋਟ : ਕੁਝ ਵਿਸ਼ੇ ਛੇਵੀਂ ਸ਼੍ਰੇਣੀ ਵਾਲ਼ੇ ਹੀ ਰੱਖ ਕੇ ਪਰ ਵਸਤੂ ਨੂੰ ਵਿਸਤਾਰ ਦੇ ਕੇ ਲਿਖਣ ਦਾ ਅਭਿਆਸ ਕਰਵਾਇਆ ਜਾਵੇਗਾ। ਸਾਲ ਵਿੱਚ ਲਗ-ਪਗ 12 ਨਿਬੰਧ ਲਿਖਾਏ ਜਾਣਗੇ।**

2. **ਚਿੱਠੀਆਂ/ਬਿਨੈ-ਪੱਤਰ:** ਪਰਿਵਾਰਿਕ, ਸਮਾਜਿਕ ਜੀਵਨ ਦੀਆਂ ਵੱਖ-ਵੱਖ ਸਥਿਤੀਆਂ ਵਿੱਚ ਚਿੱਠੀਆਂ ਲਿਖਣ ਦਾ ਅਭਿਆਸ ਕਰਵਾਇਆ ਜਾਏਗਾ। ਚਿੱਠੀਆਂ ਵਿੱਚ ਪੇਸ਼ਕਾਰੀ, ਸੂਚਨਾ ਦੇਣ ਜਾਂ ਸਥਿਤੀ-ਵਰਨਣ ਵਾਲ਼ੀ ਹੀ ਹੋਵੇਗੀ।
   ਸਥਾਨਿਕ ਅਧਿਕਾਰੀਆਂ, ਜਿਵੇਂ ਬੀ. ਡੀ. ਓ., ਮਿਊਂਸਪਲ ਕਮੇਟੀ ਦਾ ਮੁਖੀ, ਸਰਪੰਚ, ਸਿਹਤ ਅਧਿਕਾਰੀ, ਪੋਸਟ- ਮਾਸਟਰ ਆਦਿ ਨੂੰ ਸੰਬੰਧਿਤ ਸਮੱਸਿਆਵਾਂ/ਮੰਗਾਂ ਬਾਰੇ ਬਿਨੈ-ਪੱਤਰ ਲਿਖਣ ਦਾ ਅਭਿਆਸ ਕਰਵਾਇਆ ਜਾਵੇ। ਚਿੱਠੀਆਂ/ਬਿਨੈ-ਪੱਤਰਾਂ ਦੀ ਗਿਣਤੀ ਲਗ-ਪਗ 10 ਹੋਵੇਗੀ।
3. ਪੰਜਾਬ ਅਤੇ ਭਾਰਤ ਦੇ ਸਾਂਸਕ੍ਰਿਤਿਕ ਜੀਵਨ ਵਿੱਚੋਂ ਸਦਾਚਾਰਿਕ ਕਦਰਾਂ-ਕੀਮਤਾਂ ਵਾਲ਼ੀਆਂ ਕਹਾਣੀਆਂ ਦੱਸ ਕੇ ਉਹਨਾਂ ਨੂੰ ਆਪਣੇ ਸ਼ਬਦਾਂ ਵਿੱਚ ਲਿਖਣ ਦਾ ਅਭਿਆਸ ਕਰਵਾਇਆ ਜਾਵੇਗਾ। ਕੁੱਲ ਕਹਾਣੀਆਂ 10 ਹੋਣਗੀਆਂ।
4. ਵਿਦਿਆਰਥੀ ਪਾਠ-ਪੁਸਤਕ ਦੇ ਪਾਠਾਂ ਬਾਰੇ ਪੁੱਛੇ ਪ੍ਰਸ਼ਨਾਂ ਦੇ ਉੱਤਰ ਅਤੇ ਹਰ ਪਾਠ ਪਿੱਛੇ ਦਿੱਤੇ ਅਭਿਆਸਾਂ ਵਿੱਚੋਂ ਪ੍ਰਸ਼ਨਾਂ ਦੇ ਉੱਤਰ ਲਿਖ ਸਕੇ।
5. **ਵਿਆਕਰਨ (ਪਾਠ-ਪੁਸਤਕ 'ਤੇ ਆਧਾਰਿਤ)**
   - (1) ਛੇਵੀਂ ਸ਼੍ਰੇਣੀ ਵਿੱਚ ਸਿੱਖੇ ਵਿਆਕਰਨ-ਅੰਸ਼ਾਂ ਦੀ ਪਕਿਆਈ।
   - (2) ਸਾਰੇ ਸ਼ਬਦ-ਭੇਦ।
   - (3) ਅਰਥ-ਬੋਧ:-ਸਮਾਨਅਰਥੀ ਸ਼ਬਦ,ਬਹੁ-ਅਰਥਕ ਸ਼ਬਦ, ਵਿਰੋਧੀ ਸ਼ਬਦ,ਬਹੁਤੇ ਸ਼ਬਦਾਂ ਦੀ ਥਾਂ ਇੱਕ ਸ਼ਬਦ ਦੀ ਵਰਤੋਂ ਕਰਨਾ।
   - (4) ਲਿੰਗ ਬਦਲੋ ਅਤੇ ਵਚਨ ਬਦਲੋ।

**ਨਿਰਧਾਰਿਤ ਪਾਠ-ਪੁਸਤਕਾਂ :**

1) **ਪੰਜਾਬੀ ਪੁਸਤਕ-7 (ਪਹਿਲੀ ਭਾਸ਼ਾ)**
2) **ਪੰਜਾਬੀ ਵਿਆਕਰਨ ਤੇ ਲੇਖ-ਰਚਨਾ**

**(ਪੰਜਾਬ ਸਕੂਲ ਸਿੱਖਿਆ ਬੋਰਡ ਦੁਆਰਾ ਪ੍ਰਕਾਸ਼ਿਤ)**